# ਮਾੱਡਲ ਟੈਸਟ ਪੇਪਰ

## ਸ਼੍ਰੇਣੀ - ਦਸਵੀਂ

## ਵਿਸ਼ਾ - ਸੰਗੀਤ (ਤਬਲਾ)

## ਸੈਸ਼ਨ - 2023-2024

ਸਮਾਂ - 3 ਘੰਟੇ | ਕੁਲ ਅੰਕ – 45

### ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਤਬਲੇ ਦੇ ਵੱਡੇ ਭਾਗ ਨੂੰ ਕੀ ਕਹਿੰਦੇ ਹਨ?
2. ਪਖਾਵਜ ਦਾ ਆਕਾਰ ਤਬਲੇ ਤੋਂ ਛੋਟਾ ਹੁੰਦਾ ਜਾਂ ਵੱਡਾ?
3. ਲੈਅ ਤੋਂ ਕੀ ਭਾਵ ਹੈ?
4. ਉਸਤਾਦ ਮੀਆਂ ਕਾਦਰ ਬਖਸ਼ ਜੀ ਦਾ ਜਨਮ ਕਦੋਂ ਹੋਇਆ?
5. ਉਸਤਾਦ ਬਹਾਦਰ ਸਿੰਘ ਜੀ ਨੇ ਕਿਸ ਪਾਸੋਂ ਤਬਲੇ ਦੀ ਸਿਖਿਆ ਪ੍ਰਾਪਤ ਕੀਤੀ?
6. ਪਲਟੇ ਤੋਂ ਕੀ ਭਾਵ ਹੈ?
7. ਤਿੰਨਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
8. ਝੱਪਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?
9. ਇੱਕਤਾਲ ਵਿੱਚ ਕਿਹੜੀ ਮਾਤਰਾ ਤੇ ਤਾਲੀ ਲੱਗਦੀ ਹੈ?
10. ਤਿੰਨਤਾਲ ਵਿੱਚ ਸਮ ਕਿਸ ਮਾਤਰਾ ਤੇ ਹੁੰਦਾ ਹੈ? (10x1=10)

(ਖ) ਖਾਲੀ ਥਾਵਾਂ

11. ਤਾਲੀ ਲਈ __________ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ।
12. ਨਗਮੇਂ ਨੂੰ __________ ਵੀ ਆਖਦੇ ਹਨ।
13. ਦਰੁੱਤ ਲੈਅ ਦੀ ਚਾਲ __________ ਹੁੰਦੀ ਹੈ।
14. ਇੱਕਤਾਲ ਵਿੱਚ __________ ਵਿਭਾਗ ਹੁੰਦੇ ਹਨ।
15. ਝੱਪਤਾਲ ਵਿੱਚ __________ ਮਾਤਰਾ ਖਾਲੀ ਹੁੰਦੀ ਹੈ। (5X1=5)

(ਗ) ਸਹੀ/ਗ਼ਲਤ

16. ਤਬਲੇ ਦੀ ਪੁੜੀ ਹਾਥੀ ਦੀ ਖੱਲ ਦੀ ਬਣੀ ਹੁੰਦੀ ਹੈ।
17. ਉਸਤਾਦ ਬਹਾਦੁਰ ਸਿੰਘ ਜੀ ਨੇ ਤਬਲਾ ਉਸਤਾਦ ਜ਼ਾਕਿਰ ਹੁਸੈਨ ਜੀ ਪਾਸੋਂ ਸਿੱਖਿਆ।
18. ਇੱਕਤਾਲ ਤਬਲੇ ਦੀ ਤਾਲ ਹੈ।
19. ਤਬਲੇ ਵਿੱਚ ਗਜਰੇ ਨਾਲ ਬਧੀਆਂ ਬੰਨਿਆ ਜਾਂਦੀਆਂ ਨੇ। (4X1=4)

### ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਸੰਗੀਤ ਵਿੱਚ ਲੈਅ ਦੀ ਮਹੱਤਤਾ ਬਾਰੇ ਲਿਖੋ।
21. ਤਬਲੇ ਨੂੰ ਮਿਲਾਣ ਦੇ ਕੋਈ ਚਾਰ ਨਿਯਮ ਲਿਖੋ।
22. ਉਠਾਨ ਬਾਰੇ ਸੰਖੇਪ ਵਿੱਚ ਲਿਖੋ।
23. ਅਤੀਤ ਗ੍ਰਹਿ ਬਾਰੇ ਲਿਖੋ।
24. ਸਮ ਬਾਰੇ ਸੰਖੇਪ ਵਿੱਚ ਲਿਖੋ।
25. ਤਿੰਨਤਾਲ ਦਾ ਪਰਿਚੈ ਲਿਖੋ।
26. ਝੱਪਤਾਲ ਦਾ ਪਰਿਚੈ ਲਿਖੋ।
27. ਇੱਕਤਾਲ ਨੂੰ ਦੁਗੁਣ ਦੀ ਲੈਅ ਵਿੱਚ ਲਿਖੋ। (8X2=16)

### ਭਾਗ - ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਉਸਤਾਦ ਬਹਾਦੁਰ ਸਿੰਘ ਜੀ ਦੇ ਜੀਵਨ ਬਾਰੇ ਲਿਖੋ।

    ਜਾਂ

    ਉਸਤਾਦ ਮੀਆਂ ਕਾਦਰ ਬਖਸ਼ ਦੀ ਸੰਗੀਤ ਨੂੰ ਦੇਣ ਬਾਰੇ ਲਿਖੋ।

29. ਤਿੰਨਤਾਲ ਵਿੱਚ ਕੋਈ ਪੰਜ ਉਠਾਨਾਂ ਲਿਖੋ।

    ਜਾਂ

    ਇੱਕਤਾਲ ਵਿੱਚ ਕੋਈ ਪੰਜ ਤਿਹਾਈਆਂ ਲਿਖੋ। (2X5=10)